**International Journal of Multidisciplinary Research and Development**
**Online ISSN: 2349-4182, Print ISSN: 2349-5979, Impact Factor: RJIF 5.72**
**www.allsubjectjournal.com**
**Volume 3; Issue 7; July 2016; Page No. 161-164**

# ਟਿਵਾਣਾ ਦੇ ਨਾਵਲਾਂ ਵਿੱਚ ਚਿਤਰੀ ਗਈ ਔਰਤ ਦੀ ਸਥਿਤੀ

**ਜੰਸਦੀਪ ਕੌਰ**

ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**ਸਾਰੰਸ਼**

ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਚਿਤਰੀ ਗਈ ਔਰਤ ਦੀ ਸਥਿਤੀ ਨੂੰ ਉਸਦੇ ਨਾਵਲਾਂ ਦੇ ਬਦਲਦੇ ਪਰਿਪੇਖਾਂ ਦੇ ਅੰਤਰਗਤ ਵਿੱਚਾਰਦਿਆਂ ਅਸੀਂ ਇਸ ਗੱਲ ਦਾ ਪ੍ਰਮੁੱਖ ਰੂਪ ਵਿੱਚ ਅਧਿਐਨ ਕੀਤਾ ਹੈ ਕਿ ਉਸ ਦੇ ਨਾਵਲਾਂ ਦੀ ਪਹਿਲੀ ਕੋਟੀ ਵਿੱਚ ਉਸ ਔਰਤ ਦਾ ਬਿੰਬ ਉਭਰਦਾ ਹੈ ਜੋ ਸਮਾਜਕ ਮਨੌਤਾਂ ਦੀ ਜਕੜ ਵਿੱਚ ਜਕੜੀ ਹੋਈ ਤ੍ਰਾਸਦੀ ਭੋਗਣ ਲਈ ਬੇਵੱਸ ਹੈ। ਇਸ ਔਰਤ ਨੂੰ ਆਪਣੇ ਦੁੱਖਾਂ ਦੀ ਪ੍ਰਤੀਤੀ ਤਾਂ ਹੈ ਪਰ ਉਹ ਜਿਨ੍ਹਾਂ ਅਮਾਨਵੀ ਸਥਿਤੀਆਂ ਵਿੱਚ ਘੁਲਦੀ ਹੈ, ਉਨ੍ਹਾਂ ਤੋਂ ਪਾਰ ਜਾਣਾ ਜਾਂ ਉਨ੍ਹਾਂ ਤੋਂ ਮੁਕਤ ਹੋਣਾ ਉਸਦੀ ਹੋਣੀ ਨਹੀਂ ਬਣਦੀ। ਇਸ ਔਰਤ ਦੀ ਜੀਵਨ ਯਾਤਰਾ ਪੀੜ੍ਹਾ, ਬੇਵੱਸੀ ਅਤੇ ਹੋਣੀਆਂ ਭੋਗਣ ਵਿੱਚ ਮੁੱਕਦੀ ਹੈ। ਅਜਿਹੀ ਔਰਤ ਦੇ ਬਿੰਬ ਰਾਹੀਂ ਦਲੀਪ ਕੌਰ ਟਿਵਾਣਾ ਨੇ ਉਨ੍ਹਾਂ ਸਮਾਜਕ ਧਿਰਾਂ ਨੂੰ ਰੱਦ ਕੀਤਾ ਹੈ ਜੋ ਔਰਤ ਨੂੰ ਅਣਹੋਇਆਂ ਬਣਾ ਦੇਂਦੀਆਂ ਹਨ। ਉਸ ਦੀ ਗਲਪ ਚੇਤਨਾ ਦਾ ਇਹ ਪਹਿਲਾ ਬਿੰਦੂ ਔਰਤ ਦੇ ਡੂੰਘੇ ਦਰਦ ਦੀ ਪਛਾਣ ਕਰਾਉਣ ਵਾਲਾ ਹੈ।

**ਮੁੱਖ ਸਬਦ:** ਔਰਤ,ਪਰਿਪੇਖਾਂ, ਸਭਿਆਚਾਰ, ਗਲਪੀ ਵੇਰਵੇ, ਪਦਾਰਥਵਾਦੀ ਆਦਿ।

ਇਸ ਮੁਕਾਮ ਵਿੱਚੋਂ ਉਭਰਦੀ ਔਰਤ ਦਾ ਬਿੰਬ ਉਸਦੀ ਆਪਣੀ ਆਤਮ ਪਛਾਣ ਪ੍ਰਤੀ ਕਿਰਿਆਸ਼ੀਲਤਾ ਦਾ ਹੈ। ਅਜਿਹੀ ਕਿਰਿਆਸ਼ੀਲਤਾ ਜੋ ਆਪਣੀ ਹੋਂਦ ਦੇ ਅਰਥ ਤਲਾਸ਼ ਰਹੀ ਹੈ ਅਤੇ ਜ਼ਿੰਦਗੀ ਦੀ ਨਵੀਂ ਪੈੜ ਸਿਰਜ ਰਹੀ ਹੈ। ਅਜਿਹੀ ਔਰਤ ਦੇ ਬਿੰਬ ਰਾਹੀਂ ਦਲੀਪ ਕੌਰ ਟਿਵਾਣਾ ਨੇ ਔਰਤ ਦੀ ਸਵੈ ਪਛਾਣ ਅਤੇ ਜਾਗਰੂਕਤਾ ਦਾ ਪਰਿਪੇਖ ਸਿਰਜਿਆ ਹੈ ਜੋ ਔਰਤ ਦੀ ਮੁਕਤੀ ਦਾ ਨਵਾਂ ਪ੍ਰਤਿਮਾਨ ਸਿਰਜਦਾ ਹੈ। ਔਰਤ ਦੀ ਮੁਕਤੀ ਦਾ ਇਹ ਨਵਾਂ ਪ੍ਰਤਿਮਾਨ ਨਿਸਚੈ ਹੀ ਪੰਜਾਬੀ ਨਾਵਲ ਦੀ ਵੀ ਨਿਵੇਕਲੀ ਪ੍ਰਾਪਤੀ ਹੈ।[1]

ਟਿਵਾਣਾ ਦੇ ਨਾਵਲਾਂ ਦਾ ਉਪਰੋਕਤ ਰੂਪ ਵਿੱਚ ਕੀਤਾ ਗਿਆ ਅਧਿਐਨ ਨਿਸਚੈ ਹੀ ਸਾਨੂੰ ਇਸ ਸਿੱਟੇ ਉਤੇ ਪਹੁੰਚਾਉਂਦਾ ਹੈ ਕਿ ਉਸਨੇ ਔਰਤ ਦੀ ਸਥਿਤੀ ਨੂੰ ਬਦਲਦੇ ਪਰਿਪੇਖਾਂ ਦੇ ਅੰਤਰਗਤ ਰੱਖ ਕੇ ਚਿਤਰਿਆ ਹੈ। ਉਸਦਾ ਇਹ ਚਿਤਰਨ ਯੁਗ ਦੇ ਪਰਿਵਰਤਨਾਂ ਦੇ ਅੰਤਰਗਤ ਔਰਤ ਦੀ ਬਦਲ ਰਹੀ ਸਥਿਤੀ ਦਾ ਬੜੀ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਪ੍ਰਸਤੁਤ ਕਰਦਾ ਹੈ। ਫਲਸਰੂਪ ਆਪਣੇ ਨਾਵਲਾਂ ਵਿੱਚ ਟਿਵਾਣਾ ਨੇ ਔਰਤ ਦੀ ਸਥਿਤੀ ਅਤੇ ਉਸ ਦੇ ਚਰਿੱਤਰ ਦੇ ਕਈ ਨਵੇਂ ਪ੍ਰਵਚਨ ਉਸਾਰੇ ਹਨ। ਇਨ੍ਹਾਂ ਨਵੇਂ ਪ੍ਰਵਚਨਾਂ ਦਾ ਇਕ ਹੋਰ ਪ੍ਰਮਾਣ ਉਸਦੀ ਵਿਸ਼ੇਸ਼ ਗਲਪ ਰਚਨਾ 'ਕਥਾ ਕਹੋ ਉਰਵਸ਼ੀ' ਹੈ, ਜਿਸ ਦਾ ਅਧਿਐਨ ਅਸੀਂ ਆਪਣੇ ਇਸ ਅਧਿਆਇ ਵਿੱਚ ਕਰਾਂਗੇ। 'ਕਥਾ ਕਹੋ ਉਰਵਸ਼ੀ' ਨਾਵਲ ਵਿੱਚੋਂ ਉਭਰੀ ਔਰਤ ਦਾ ਬਿੰਬ ਦਲੀਪ ਕੌਰ ਟਿਵਾਣਾ ਦੇ ਪਹਿਲੇ ਨਾਵਲਾਂ ਨਾਲੋਂ ਬਿਲਕੁਲ ਵੱਖਰਾ ਤੇ ਨਿਵੇਕਲਾ ਹੈ ਜੋ ਨਵੇਂ ਯੁੱਗ ਦੇ ਨਵੇਂ ਸਿਸਟਮ ਦੀ ਦੇਣ ਵਜੋਂ ਉਭਰਿਆ ਹੈ। ਸਾਡੇ ਸਮਾਜ ਦੀਆਂ ਸਮੂਹ ਸਥਿਤੀਆਂ ਵਿਸ਼ਵ ਯੁੱਗ ਵਿੱਚ ਤੇਜ਼ੀ ਨਾਲ ਵਾਪਰ ਰਹੇ ਪਰਿਵਰਤਨਾਂ ਅਧੀਨ ਪ੍ਰਭਾਵਤ ਹੋ ਰਹੀਆਂ ਹਨ। ਇਸ ਪ੍ਰਭਾਵ ਵਜੋਂ ਸਾਡੀਆਂ ਸਾਂਸਕ੍ਰਿਤਕ ਕਦਰਾਂ ਕੀਮਤਾਂ ਅਤੇ ਉਨ੍ਹਾਂ ਅਧੀਨ ਚਲ ਰਹੇ ਸਮੂਹਕ ਮਾਨਵੀ ਰਿਸ਼ਤਿਆਂ ਵਿੱਚ ਜੋ ਨਿਘਾਰ ਤੇ ਵਿਗਠਨ ਵਾਪਰ ਰਿਹਾ ਹੈ, ਉਸ ਦਾ ਭਰਪੂਰ ਚਿਤਰਣ ਇਸ ਨਾਵਲ ਵਿੱਚ ਬੜੇ ਵਿਰਾਟ ਰੂਪ ਵਿੱਚ ਹੋਇਆ ਹੈ। ਟਿਵਾਣਾ ਦੇ ਬਾਕੀ ਨਾਵਲਾਂ ਦੇ ਮੁਕਾਬਲੇ ਉਸ ਦਾ ਇਹ ਨਵਾਲ ਇਕ ਦੀਰਘ ਅਕਾਰ ਦੀ ਰਚਨਾ ਹੈ ਜਿਸ ਵਿੱਚ ਕਾਲ ਨੂੰ ਇਕ ਲੰਮੇ ਸਮੇਂ ਦੇ ਅੰਤਰਗਤ ਫੈਲਾਇਆ ਗਿਆ ਹੈ ਜਿਸ ਨਾਲ ਨਾਵਲਕਾਰ ਦੀ ਆਪਣੀ ਗਲਪ ਦ੍ਰਿਸ਼ਟੀ ਵੀ ਪੂਰੇ ਜਲੌ ਸਮੇਤ ਪ੍ਰਸਤੁਤ ਹੋਈ ਹੈ।

ਟਿਵਾਣਾ ਦੇ ਇਸ ਨਾਵਲ ਵਿੱਚੋਂ ਉਭਰੀ ਔਰਤ ਨੂੰ ਅਸੀਂ ਆਪਣੇ ਅਧਿਐਨ ਦੀ ਤੀਜੀ ਕੋਟੀ ਵਿੱਚ ਰਖ ਰਹੇ ਹਾਂ ਕਿਉਂ ਕਿ ਲੇਖਕਾ ਦੇ ਗਲਪ ਚਿੰਤਨ ਵਿੱਚ ਔਰਤ ਦੀ ਸਥਿਤੀ ਵਿੱਚ ਹੁਣ ਤਕ ਆਏ ਪਰਿਵਰਤਨ ਵਿਕਾਸ ਰੂਪ ਦਾ ਇਹ ਤੀਜਾ ਬਿੰਦੂ ਹੈ। ਇਸ ਤੀਜੇ ਬਿੰਦੂ ਉਪਰ ਉਭਰੀ ਔਰਤ ਜੋ ਇਸ ਨਾਵਲ ਦੀ ਕੇਂਦਰੀ ਪਾਤਰ 'ਅਲਕਾ' ਦੇ ਰੂਪ ਵਿੱਚ ਪ੍ਰਤੀਬਿੰਬਤ ਹੋਈ ਹੈ, ਲੇਖਿਕਾ ਦੀਆਂ ਹੁਣ ਤਕ ਚਿਤਰੀਆਂ ਗਈਆਂ ਸਾਰੀਆਂ ਔਰਤ ਪਾਤਰਾਂ ਨਾਲੋਂ ਭਿੰਨ ਹੈ। ਉਸਦੀ ਇਸ ਚਰਿੱਤਰ ਭਿੰਨਤਾ ਦੇ ਪਿਛੇ ਕਾਰਜਸ਼ੀਲ ਕਾਰਨਾਂ ਵਿੱਚੋਂ ਇਕ ਵੱਡਾ ਕਾਰਨ ਤੇਜ਼ੀ ਨਾਲ ਬਦਲ ਰਹੇ ਸਮਕਾਲੀ ਸਮਾਜਕ ਸਭਿਆਚਾਰ ਦੇ ਸਮੁੱਚੇ ਸਿਸਟਮ ਦਾ ਪ੍ਰਭਾਵ ਵੀ ਕਿਹਾ ਜਾ ਸਕਦਾ ਹੈ ਜੋ ਵਰਤਮਾਨ ਯੁਗ ਵਿੱਚ ਪੂੰਜੀਵਾਦੀ ਅਰਥਚਾਰੇ ਵਜੋਂ ਜੀਵਨ ਵਿੱਚ ਵਿਅਕਤੀਵਾਦੀ ਰੁਚੀਆਂ ਦਾ ਤੇਜ਼ੀ ਨਾਲ ਪ੍ਰਸਾਰ ਕਰ ਰਿਹਾ ਹੈ, ਜਿਸ ਨਾਲ ਸਾਡੇ ਪਰੰਪਰਕ ਵਿੱਚਾਰਾਂ ਤੇ ਵਿਸ਼ਵਾਸਾਂ ਦੇ ਧਰਾਤਲ ਉਪਰ ਵੀ ਵੱਡੀ ਤਬਦੀਲੀ ਵਾਪਰ ਰਹੀ ਹੈ। ਇਸ ਨਵੇਂ ਸਿਸਟਮ ਨਾਲ ਸਥਾਪਿਤ ਹੋ ਰਹੇ ਪਦਾਰਥਵਾਦੀ ਸਭਿਆਚਾਰ ਨੇ ਸਾਡੇ ਸਮਾਜਕ ਰਿਸ਼ਤਿਆਂ ਦੀ ਸਾਰਥਕਤਾ ਉਪਰ ਜਿਸ ਪ੍ਰਕਾਰ ਦੇ ਪ੍ਰਭਾਵ ਪਾਏ ਹਨ ਉਨ੍ਹਾਂ ਦਾ ਅਸਰ ਵੀ ਇਸ ਨਾਵਲ ਵਿੱਚੋਂ ਸਪੱਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਪ੍ਰਮਾਣ ਵਜੋਂ ਇਸ ਸਿਸਟਮ ਦੀ ਸਥਾਪਤੀ ਨਾਲ ਸਾਡੇ ਸਭਿਆਚਾਰਕ ਮੁੱਲਾਂ ਵਿੱਚ ਜੋ ਵਿਘਟਨ ਵਾਪਰਿਆ ਹੈ ਉਸ ਦੀ ਪ੍ਰਤੱਖ ਛਾਪ ਇਸ ਨਾਵਲ ਦੀ ਕੇਂਦਰੀ ਪਾਤਰ ਅਲਕਾ ਦੀ ਪੂਰੀ ਸ਼ਖ਼ਸੀਅਤ ਉਪਰ ਭਰਪੂਰ ਰੂਪ ਵਿੱਚ ਛਾਈ ਹੋਈ ਹੈ। ਅਲਕਾ ਦਾ ਵਿਅਕਤੀਵਾਦੀ ਜੀਵਨ ਵਿਹਾਰ ਆਪਣੇ ਪਤੀ ਦੀ ਜਾਗੀਰਦਾਰੀ ਵਾਲੇ ਦਬੇ ਸੰਯੁਕਤ ਪਰਿਵਾਰ ਦੀਆਂ ਭਾਈਚਾਰਕ ਕੀਮਤਾਂ ਨਾਲ ਟਕਰਾ ਕੇ ਜੋ ਪਰਿਵਾਰਕ ਦੁਖਾਂਤ ਪੈਦਾ ਕਰਦਾ ਹੈ ਅਤੇ ਉਸ ਵਿੱਚੋਂ ਆਉਣ ਵਾਲੀਆਂ ਪੀੜ੍ਹੀਆਂ ਦਾ ਜਿਵੇਂ ਵਿਨਾਸ਼ ਹੁੰਦਾ ਹੈ, ਉਸ ਦਾ ਵਿਰਾਟ ਚਿਤਰ ਇਸ ਨਾਵਲ ਵਿੱਚ ਬੜੇ ਕਲਾਤਮਕ ਵਿਵੇਕ ਰਾਹੀਂ ਪ੍ਰਸਤੁਤ ਹੋਇਆ ਹੈ। ਅਸਲ ਵਿੱਚ ਇਹ ਨਾਵਲ ਇਕ ਵੱਡੇ ਇਤਿਹਾਸਕ ਪਰਿਪੇਖ ਵਿੱਚੋਂ ਪਰੰਪਰਕ ਤੇ ਮਾਡਰਨ ਸੋਚ ਵਿੱਚੋਂ ਪੈਦਾ ਹੋਈਆਂ ਪਰੰਪਰਾਵਾਦੀ ਅਤੇ ਨਵੀਨ ਸਭਿਆਚਾਰਕ ਕੀਮਤਾਂ ਦਾ ਆਪਸੀ ਵਿਰੋਧ ਪਾਤਰਾਂ ਦੀ ਸੋਚ ਅਤੇ ਵਿਹਾਰ 'ਚੋਂ ਪ੍ਰਗਟਾਉਂਦਾ ਹੈ ਜਿਸ ਨੇ ਨਾਵਲ ਵਿੱਚਲੇ ਰਿਸ਼ਤਿਆਂ ਦੇ ਟਕਰਾਓ ਨੂੰ ਸੰਘਣੇ ਤਣਾਓ ਵਿੱਚ ਬਦਲਦਿਆਂ ਘੋਰ ਤ੍ਰਾਸਦੀ ਨੂੰ ਜਨਮ ਦਿੱਤਾ ਹੈ। ਸੋ ਇਹ ਗੱਲ ਅਸੀਂ ਨਿਸਚਿਤ ਰੂਪ ਵਿੱਚ ਕਹਿ ਸਕਦੇ ਹਾਂ ਕਿ ਟਿਵਾਣਾ ਦੇ ਇਸ ਨਾਵਲ ਨੇ ਉਸਦੀ ਸਮੁੱਚੀ ਗਲਪ ਰਚਨਾ ਦੇ ਚਰਿਤਰ ਵਿੱਚ ਇਕ ਵਿਲੱਖਣ ਭਾਂਤ ਦਾ ਨਾਟਕ ਪਾਇਆ ਹੈ ਜਿਸ ਵਿੱਚ ਪੇਸ਼ ਹੋਇਆ ਅਨੁਭਵ ਵੀ ਨਿਵੇਕਲਾ ਹੈ ਅਤੇ ਜਿਸ ਦੀ ਕਲਾਤਮਕ ਸਮਰੱਥਾ ਵੀ ਬਾਕੀ ਨਾਵਲਾਂ ਦੇ ਮੁਕਾਬਲੇ ਵਿੱਚ ਵਧੇਰੇ ਹੈ। ਆਕਾਰ ਦੇ ਪੱਖੋਂ ਵੀ ਇਹ ਨਾਵਲ ਬਾਕੀ ਨਾਵਲਾਂ ਦੇ ਮੁਕਾਬਲੇ ਵਿੱਚ ਵਧੇਰੇ ਲੰਮੇ ਕਾਲ ਵਿੱਚ ਫੈਲਦਾ ਹੈ। ਟਿਵਾਣਾ ਨੇ ਇਸਨੂੰ ਛੇ ਖੰਡਾਂ ਵਿੱਚ ਅਲੱਗ ਅਲੱਗ ਸਿਰਲੇਖਾਂ ਹੇਠ ਇੰਜ ਵੰਡਿਆ ਹੈ: ਕਥਾ ਕਾਲੇ ਕੋਹਾਂ ਦੀ, ਕਥਾ ਕਲਜੁਗ ਦੀ, ਕਥਾ ਅਣਕਹੀ, ਕਥਾ ਇਕ ਹਾਉਕੇ ਦੀ, ਕਥਾ ਕਾਲ ਅਕਾਲ ਦੀ ਅਤੇ – – –'ਤੇ ਕਥਾ ਤੁਰਦੀ ਰਹੀ' ਪਰ ਇਹ ਸਾਰੇ ਖੰਡ ਇੱਕ ਸੰਗਠਨ ਵਿੱਚ ਬੱਝੇ ਹੋਏ ਹਨ। ਮੂਲ ਕਥਾ ਦੋ ਵਿਭਿੰਨ ਪਰਿਵਾਰਕ ਪਿਛੋਕੜਾਂ ਨਾਲ ਜੁੜੇ ਪਰਿਵਾਰਾਂ ਦੇ ਆਪਸੀ ਸੰਜੋਗ ਉਪਰ ਉਸਰੀ ਹੈ ਜਿਸ ਦੇ ਆਪਸੀ ਟਕਰਾਓ ਨੇ ਅੱਗੇ ਜਾ ਕੇ ਇਕ ਅਜਿਹੀ ਜਟਿਲ ਸਮੱਸਿਆ ਦਾ ਵਿਕਰਾਲ ਰੂਪ ਗ੍ਰਹਿਣ ਕੀਤਾ ਜਿਸ ਨਾਲ ਉਪਜੇ ਘੋਰ ਸੰਕਟ ਵਿੱਚੋਂ ਆਉਣ ਵਾਲੀਆਂ ਨਸਲਾਂ ਵੀ ਤਬਾਹ ਹੋ ਗਈਆਂ। ਨਾਵਲ ਦੇ ਵਿਲੱਖਣ ਅਨੁਭਵ ਬੋਧ ਵਿੱਚੋਂ ਜਿਸ ਔਰਤ ਦਾ ਕਿਰਦਾਰ ਉਸਰਿਆ ਹੈ ਉਸ ਨੇ ਨਿਸਚੈ ਹੀ

ਪਾਠਕ ਦੀ ਚੇਤਨਾ ਨੂੰ ਇਕ ਵਾਰ ਤਾਂ ਝੰਜੋੜ ਕੇ ਰੱਖ ਦਿੱਤਾ ਹੈ। ਨਿਰਸੰਦੇਹ ਔਰਤ ਦਾ ਚਿਤਰਿਆ ਇਹ ਰੂਪ ਮਾਨਵੀ ਸੋਚ ਲਈ ਇਕ ਚਿੰਤਾ ਦਾ ਵਿਸ਼ਾ ਬਣਿਆ ਹੈ, ਜਿਸ ਨੂੰ ਟਿਵਾਣਾ ਨੇ ਗਲਪ ਚਿੰਤਨ ਦੇ ਰੂਪ ਵਿੱਚ ਬੜੇ ਸੰਵੇਦਨਸ਼ੀਲ ਢੰਗ ਨਾਲ ਫੈਲਾਇਆ ਹੈ।

ਨਾਵਲ ਦਾ ਮੂਲ ਬਿਰਤਾਂਤ ਇਸ ਪ੍ਰਕਾਰ ਹੈ ਕਿ ਇਸ ਦੀ ਕੇਂਦਰੀ ਪਾਤਰ ਅਲਕਾ ਦਾ ਵਿਆਹ ਮੇਜਰ ਦਵਿੰਦਰ ਸਿੰਘ ਨਾਲ ਬੜੇ ਸਾਦ ਮੁਰਾਦੇ ਢੰਗ ਨਾਲ ਹੁੰਦਾ ਹੈ। ਅਲਕਾ ਦਾ ਪਰਿਵਾਰ ਆਰਥਕ ਹੈਸੀਅਤ ਪੱਖੋਂ ਦੇਵਿੰਦਰ ਸਿੰਘ ਦੀ ਪਰਿਵਾਰਕ ਸ਼ਾਨ ਅਤੇ ਅਮੀਰ ਹੈਸੀਅਤ ਦੇ ਸਾਹਮਣੇ ਨਿਗੂਣਾ ਹੈ। ਦੇਵਿੰਦਰ ਦੇ ਘਰਦਿਆਂ ਦੀ ਇਕ ਸਾਧਾਰਣ ਘਰ ਦੀ ਕੁੜੀ ਨੂੰ ਨੂੰਹ ਬਣਾਉਣ ਪਿਛੇ ਵੱਡੀ ਮਨਸ਼ਾ ਇਹ ਕੰਮ ਕਰਦੀ ਹੈ ਕਿ ਅਜਿਹੀ ਕੁੜੀ ਉਨ੍ਹਾਂ ਦੇ ਪੁੱਤਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਬਿਨਾ ਕਿਸੇ ਹਉਂ ਦੇ ਸਮਰਪਿਤ ਹੋ ਸਕੇਗੀ ਜਦ ਕਿ ਇਸ ਸੰਜੋਗ ਦੇ ਸਿੱਟੇ ਬਿਲਕੁਲ ਹੀ ਉਲਟ ਨਿਕਲਦੇ ਹਨ। ਦੋਹਾਂ ਪਰਿਵਾਰਾਂ ਦੀ ਜੀਵਨ ਜਾਂਚ, ਜੀਵਨ ਮੁੱਲ, ਰੀਤੀ ਰਿਵਾਜ, ਪਰਿਵਾਰਕ ਮਾਨਤਾਵਾਂ ਅਤੇ ਸਮਾਜਕ ਹੈਸੀਅਤ ਦੇ ਆਪਸੀ ਅੰਤਰ ਦੇ ਨਾਲ ਦੋਹਾਂ ਪਤੀ ਪਤਨੀ ਦੇ ਸੁਭਾਵਾਂ ਦਾ ਆਪਸੀ ਅੰਤਰ ਵੀ ਸਮੁੱਚੇ ਪਰਿਵਾਰ ਉਪਰ ਇੰਨਾ ਭਿਆਨਕ ਅਸਰ ਪਾਉਂਦਾ ਹੈ ਕਿ ਸਭ ਕੁਝ ਬਿਖਰ ਕੇ ਰਹਿ ਜਾਂਦਾ ਹੈ। ਫਲਸਰੂਪ ਪਰਿਵਾਰ ਵਿੱਚ ਇਕ ਤ੍ਰਾਸਦੀ ਨਹੀਂ ਸਗੋਂ ਕਈ ਤ੍ਰਾਸਦੀਆਂ ਵਾਪਰਦੀਆਂ ਹਨ। ਸਮੁੱਚੇ ਨਾਵਲ ਦਾ ਬਿਰਤਾਂਤਕ ਸੰਗਠਨ ਸਮਾਜਕ ਰਿਸ਼ਤਿਆਂ ਦੇ ਆਪਸੀ ਤਨਾਓ ਦੁਆਲੇ ਸੰਘਣਾ ਬੁਣਿਆ ਹੋਇਆ ਹੈ ਜੋ 'ਅਗਨ ਕੀ ਰਾਹ' ਦੀ ਬਾਤ ਪਾਉਂਦਾ ਜ਼ਿੰਦਗੀ ਦੀਆਂ ਹਿਰਸਾਂ ਵਿੱਚੋਂ ਨਿਕਲੇ ਘੋਰ ਸੰਕਟਾਂ ਦੀ ਪੇਸ਼ਕਾਰੀ ਕਰਦਾ ਹੈ।[2]

ਕਥਾ ਦੇ ਆਰੰਭ ਵਿੱਚ ਦੋਹਾਂ ਪਰਿਵਾਰਾਂ ਦੀ ਆਪਸੀ ਭਿੰਨਤਾ ਸੱਚ, ਵਿਹਾਰ, ਹੈਸੀਅਤ ਦੇ ਪੱਖ ਵਧੇਰੇ ਹੋਣ ਦੇ ਬਾਵਜੂਦ ਵੀ ਅਲਕਾ ਉਸ ਪਰਿਵਾਰ ਵਿੱਚ ਪ੍ਰਵਾਨ ਹੁੰਦੀ ਹੈ ਉਹਦੀ ਖੂਬਸੂਰਤੀ ਪਹਿਲੇ ਦਿਨ ਤੋਂ ਹੀ ਦਵਿੰਦਰ ਦੀ ਕਮਜ਼ੋਰੀ ਬਣ ਜਾਂਦੀ ਹੈ ਜਿਸ ਦਾ ਉਹ ਹਰ ਸਮੇਂ ਨਜਾਇਜ਼ ਫਾਇਦਾ ਉਠਾਉਂਦੀ ਹੈ।[3] ਜਿਸ ਦਾ ਪ੍ਰਮਾਣ ਨਾਵਲ ਵਿੱਚੋਂ ਪ੍ਰਾਪਤ ਕਈ ਗਲਪ ਵੇਰਵਿਆਂ ਤੋਂ ਮਿਲਦਾ ਹੈ ਜਦੋਂ ਦੇਵਿੰਦਰ ਹਰ ਪੱਖੋਂ ਸੰਪੰਨ ਹੋਣ ਦੇ ਬਾਵਜੂਦ ਵੀ ਅਲਕਾ ਦੀਆਂ ਮਨ ਆਈਆਂ ਅੱਗੇ ਗੋਡੇ ਟੇਕਦਾ ਹੈ ਅਤੇ ਉਹਦੇ ਹਥੋਂ ਬਹੁਤ ਵਾਰ ਜ਼ਲੀਲ ਹੁੰਦਾ ਹੈ। ਨਾਵਲ ਦੇ ਕਥਾ ਪ੍ਰਬੰਧ ਵਿੱਚੋਂ ਹੀ ਇਸ ਗੱਲ ਦੀ ਸੋਝੀ ਵੀ ਹੁੰਦੀ ਹੈ ਕਿ ਅਲਕਾ ਅਤੇ ਦੇਵਿੰਦਰ ਦੇ ਪਰਿਵਾਰਾਂ ਦੀ ਆਰਥਕ ਹੈਸੀਅਤ ਦਾ ਅੰਤਰ ਹੀ ਦੋਨਾਂ ਵਿੱਚਕਾਰ ਕਾਫੀ ਨਹੀਂ ਸਗੋਂ ਦੋਹਾਂ ਪਰਿਵਾਰਾਂ ਦੇ ਰਹਿਣ ਸਹਿਣ ਦਾ ਵਿਵਹਾਰਕ ਢੰਗ ਵੀ ਕਾਫੀ ਫਰਕ ਹੈ। ਦੋਹਾਂ ਦਾ ਜੀਵਨ ਸਲੀਕਾ, ਮੁੱਲ ਵਿਧਾਨ ਰੀਤੀ ਨੀਤੀ ਇਕ ਦੂਜੇ ਦੀ ਪੂਰਕ ਨਾ ਹੋ ਕੇ ਸਗੋਂ ਇਕ ਦੂਜੇ ਦੇ ਵਿਰੋਧ ਵਿੱਚ ਆਪਣਾ ਰੂਪ ਅਖ਼ਤਿਆਰ ਕਰਦੀ ਹੈ। ਦੋਹਾਂ ਦੇ ਇਸ ਵਿਰੋਧੀ ਰੂਪ ਨੂੰ ਪ੍ਰਗਟਾਉਂਦਿਆਂ ਡਾ. ਦਵੇਸ਼ਰ ਕਹਿੰਦਾ ਹੈ:—

''ਪਹਿਲੀ ਜੀਵਨ ਸ਼ੈਲੀ ਪੁਰਾਤਨਤਾ/ਪਰੰਪਰਾ ਦੇ ਵਿਸ਼ਵਾਸ ਪ੍ਰਬੰਧ ਅਤੇ ਭੂਪਵਾਦੀ ਮੁੱਲਾਂ, ਰਹੁ-ਰੀਤਾਂ ਤੇ ਲੋਕ-ਰੂੜ੍ਹੀਆਂ ਨੂੰ ਆਪਣੇ ਰੋਜ਼ਮਰਾ ਵਿਹਾਰ ਤੇ ਵਿਸ਼ਵਾਸ ਦਾ ਆਧਾਰ ਬਣਾਉਂਦੀ ਹੈ। ਦੂਜੀ ਜੀਵਨ ਸ਼ੈਲੀ ਪੂੰਜੀਵਾਦੀ ਸਭਿਆਚਾਰ ਦੇ ਆਧੁਨਿਕਤਾਵਾਦੀ-ਵਿਅਕਤੀਵਾਦੀ ਸੋਚ-ਪ੍ਰਬੰਧ ਨੂੰ ਆਪਣੀ ਸੋਚ ਤੇ ਵਿਹਾਰ ਦਾ ਆਧਾਰ ਬਣਾਉਂਦੀ ਹੈ। ਇਸ ਨਾਵਲ ਵਿੱਚ ਪੇਸ਼ ਹੋਏ ਅਤਿ ਪੁਰਾਤਨਤਾ ਅਤੇ ਅਤਿ ਆਧੁਨਿਕਤਾ ਦੇ ਇਹ ਦੋਵੇਂ ਰੂਪ ਮਨੁੱਖ ਦੇ ਅਸਤਿਤਵੀ ਸੰਕਟ ਦਾ ਸਮਾਧਾਨ ਕਰਨ ਦੀ ਥਾਂ ਉਨ੍ਹਾਂ ਨੂੰ ਹੋਰ ਵੀ ਤ੍ਰਾਸਦ ਗ੍ਰਸਤ ਕਰਦੇ ਹਨ।''[4]

ਅਲਕਾ ਦਾ ਸਮੁੱਚਾ ਜੀਵਨ ਜੋ ਨਾਵਲੀ ਬਿਰਤਾਂਤ ਵਿੱਚ ਪ੍ਰਗਟ ਹੁੰਦਾ ਹੈ ਉਸ ਮਾਡਰਨ ਔਰਤ ਦਾ ਬਿੰਬ ਉਭਾਰਦਾ ਹੈ ਜੋ ਪੂੰਜੀਵਾਦੀ ਕਦਰਾਂ ਕੀਮਤਾਂ ਅਨੁਸਾਰ ਵਿਅਕਤੀਗਤ ਸੋਚ ਦਾ ਵੀ ਧਾਰਨੀ ਹੈ ਅਤੇ ਜਿਸ ਵਿੱਚ ਪਰੰਪਰਾਗਤ ਕਦਰਾਂ ਕੀਮਤਾਂ, ਸ੍ਰਿਸ਼ਟਾਚਾਰ, ਬਜ਼ੁਰਗੀ ਸਤਿਕਾਰ, ਪਿਆਰ, ਤਿਆਗ, ਸਹਿਣਸ਼ੀਲਤਾ ਅਤੇ ਅਧੀਨਗੀ ਵਾਲੇ ਸੰਸਕਾਰ ਗ਼ੈਰ ਹਾਜ਼ਰ ਹਨ। ਜਦ ਕਿ ਦੇਵਿੰਦਰ ਦੀ ਸੋਚ ਵਿੱਚਲਾ ਮਰਦ ਪਰੰਪਰਾਗਤ ਜਾਗੀਰਦਾਰੀ ਕਦਰਾਂ ਕੀਮਤਾਂ, ਰਹੁ ਰੀਤਾਂ ਦਾ ਅਨੁਸਾਰੀ ਹੈ ਜੋ ਰਿਸ਼ਤਿਆਂ ਪ੍ਰਤੀ ਮੋਹ ਪਿਆਰ, ਸਤਿਕਾਰ ਅਤੇ ਤਿਆਗ ਦੀ ਭਾਵਨਾ ਰੱਖਣ ਵਾਲਾ ਹੈ। ਇਹ ਫਰਕ ਦੇਵਿੰਦਰ ਦੀ ਬੀਜੀ ਨੇ ਉਦੋਂ ਹੀ ਜਾਣ ਲਿਆ ਸੀ ਜਦੋਂ ਅਲਕਾ ਨੂੰ ਨੂੰਹ ਵਜੋਂ ਪਸੰਦ ਕਰਕੇ ਉਨ੍ਹਾਂ ਉਸਨੂੰ ਸ਼ਗਨ ਪਾਇਆ ਸੀ, ਪਰ ਵਹੁਟੀ ਨੇ ਸਤਿਕਾਰ ਵਜੋਂ ਪੈਰੀਂ ਹੱਥ ਵੀ ਨਹੀਂ ਸਨ ਲਾਏ। ਉਦੋਂ ਹੀ ਉਨ੍ਹਾਂ ਨੂੰ ਉਹ ਲਿਆਕਤ ਵਾਲੀ ਅਤੇ ਖਾਨਦਾਨੀ ਪ੍ਰਤੀਤ ਨਹੀਂ ਸੀ ਹੋਈ।[5] ਫਿਰ ਵਿਆਹ ਤੋਂ ਬਾਅਦ ਵੀ ਅਲਕਾ ਦਾ ਸਵੇਰੇ ਲੇਟ ਉਠਣਾ, ਮੇਕ ਅਪ ਕਰਨ ਲਈ ਕਿੰਨਾ ਹੀ ਚਿਰ ਡਰੈਸਿੰਗ ਟੇਬਲ ਦੇ ਅੱਗੇ ਬੈਠੇ ਰਹਿਣਾ, ਸਤਿਕਾਰ ਵਜੋਂ ਬਜ਼ੁਰਗਾਂ ਨੂੰ ਪੈਰੀਂ ਪੈਣਾ ਨਾ ਕਰਨਾ, ਉਨ੍ਹਾਂ ਦੀ ਤਜਵੀਜ਼ ਕੀਤੀ ਕਿਸੇ ਵੀ ਗਲ ਨੂੰ ਬੇਰੁਖੀ ਨਾਲ ਝਟਕ ਦੇਣਾ, ਦੱਸੇ ਬਗੈਰ ਕਿੰਨਾ ਚਿਰ ਘਰੋਂ ਬਾਹਰ ਰਹਿਣਾ [6] ਆਦਿ ਗੱਲਾਂ ਵਿੱਚੋਂ ਉਭਰਿਆ ਅਲਕਾ ਦਾ ਬਿੰਬ ਉਸ ਬੇਪ੍ਰਵਾਹ ਤੇ ਸੰਸਕਾਰਾਂ ਰਹਿਤ ਔਰਤ ਦੇ ਅਕਸ ਨੂੰ ਉਭਾਰਦਾ ਹੈ ਜੋ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਮੁੱਖ ਰਖਦਿਆਂ ਕਿਸੇ ਦਾ ਵੀ ਦਖਲ ਆਪਣੇ ਜੀਵਨ ਵਿੱਚ ਬਰਦਾਸ਼ਤ ਨਹੀਂ ਕਰਦੀ। ਅਜਿਹੀ 'ਬੇਲਿਆਕਤੀ ਨੂੰਹ' ਨੂੰ ਵੇਖ ਕੇ ਹੀ ਉਹ ਆਪਣੀ ਧੀ ਕੁਲਦੀਪ ਨੂੰ ਇਹ ਕਹਿੰਦੇ ਹਨ 'ਗਰੀਬ ਹੋਣਾ ਹੋਰ ਗੱਲ ਹੁੰਦੀ ਐ ਤੇ ਬੇਲਿਆਕਤੇ ਹੋਣਾ ਹੋਰ ਗੱਲ।''[7] ਅਤੇ ਫਿਰ ਉਨ੍ਹਾਂ ਦਾ ਇਹ ਬੋਲ 'ਨਹੀਂ ਧੀਏ ਅੰਬ ਦੇ ਦਰਖ਼ਤ ਨੂੰ ਈ ਅੰਬ ਲਗਦੇ ਨੇ। ਅੱਕ ਦੇ ਬੂਟੇ ਨੂੰ ਤਾਂ ਅੱਕ ਦੀਆਂ ਕੁਕੜੀਆਂ ਹੀ ਲਗਣਗੀਆਂ।''[8] ਬੀਜੀ ਦੇ ਇਹ ਸ਼ਬਦ ਉਨ੍ਹਾਂ ਦੇ ਜੀਵਨ ਤਜਰਬੇ ਨੂੰ ਪ੍ਰਗਟਾਉਂਦੇ ਹਨ ਅਤੇ ਅਲਕਾ ਦੇ ਤੁੱਛ ਪਰਿਵਾਰਕ ਪਿਛੋਕੜ ਵਿੱਚੋਂ ਪੈਦਾ ਹੋਈ ਉਸਦੀ ਸੰਸਕਾਰਾਂ ਰਹਿਤ ਪਾਲਣਾ ਦੇ ਤੌਰ ਤਰੀਕਿਆਂ ਨੂੰ ਵੀ ਉਜਾਗਰ ਕਰਦੇ ਹਨ। ਉਨ੍ਹਾਂ ਦੇ ਅਨੁਭਵ ਦੀ ਸੱਚਾਈ ਇਸ ਗੱਲ ਨੂੰ ਠੀਕ ਪੜਤਾਲਦੀ ਹੈ ਕਿ ਅਲਕਾ ਵਿੱਚ ਪੜ੍ਹੀ ਲਿਖੀ ਹੋਣ ਦੇ ਬਾਵਜੂਦ ਵੀ ਲਿਆਕਤੀ ਗੁਣ ਨਹੀਂ ਹਨ ਜੋ ਪਰਿਵਾਰ ਨੂੰ ਬੰਨ੍ਹ ਸਕਣ। ਮੁੱਢ ਵਿੱਚ ਹੀ ਉਨ੍ਹਾਂ ਦੇ ਮਨ ਵਿੱਚ ਪਿਆ ਡਰ ''ਮੈਂ ਤਾਂ ਡਰਦੀ ਆਂ ਬਈ ਮੇਰਾ ਪੁੱਤ ਬਾਹਲਾ ਈ ਨਰਮ ਐ, ਕੋਈ ਕੁਪੱਤੇ ਨਾ ਟੱਕਰ ਜਾਣ।''[9] ਜਲਦੀ ਹੀ ਅਸਲੀਅਤ ਵਿੱਚ ਬਦਲ ਜਾਂਦਾ ਹੈ ਜਦੋਂ ਉਨ੍ਹਾਂ ਦਾ ਆਪਣੀ ਨੂੰਹ ਦੀ ਬੇਰੁੱਖੀ ਅਤੇ ਬੇਪਰਵਾਹੀ ਵਾਲੀ ਤਬੀਅਤ ਨਾਲ ਪਾਲਾ ਪੈਂਦਾ ਹੈ। ਅਲਕਾ ਦੀ ਸੰਸਕਾਰਾਂ ਵਿਹੂਣੀ ਸ਼ਖਸੀਅਤ ਦੀ ਪੁਸ਼ਟੀ ਤਾਂ ਬਾਦ ਵਿੱਚ ਉਸ ਦਾ ਪਤੀ ਦੇਵਿੰਦਰ ਵੀ ਕਰਦਾ ਹੈ ਜਦੋਂ ਉਹ ਆਪਣੀ ਪਤਨੀ ਵਿੱਚੋਂ ਸੂਰਤ ਅਤੇ ਸੀਰਤ ਵਾਲਾ ਅੰਤਰ ਪਛਾਣ ਜਾਂਦਾ ਹੈ ਪਰ ਉਹ ਇਸ ਦੇ ਪਿੱਛੇ ਆਪਣੀ ਪਤਨੀ ਦਾ ਨਹੀਂ ਸਗੋਂ ਉਸ ਦੇ ਘਰਦਿਆਂ ਦਾ ਕਸੂਰ ਮੰਨਦਾ ਹੈ ਜਿਨ੍ਹਾਂ ਨੇ ਉਸਦੀ ਪਾਲਣਾ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਸ੍ਰਿਸ਼ਟਾਚਾਰ ਦੀ ਪੱਧਰ ਉਪਰ ਉਸਨੂੰ ਕੋਈ ਸਿੱਖਿਆ ਦਿੱਤੀ ਹੈ। ਉਸ ਅਨੁਸਾਰ ਸੰਸਕਾਰ ਬੱਚਿਆਂ ਵਿੱਚ ਪਰਿਵਾਰਕ ਮਾਹੌਲ ਤੋਂ ਹੀ ਉਪਜਦੇ ਨੇ ਅਤੇ ਉਨ੍ਹਾਂ ਦੇ ਅਗਲੇ ਜੀਵਨ ਵਿੱਚ ਵਰਤੋਂ ਵਿਹਾਰ ਦੀ ਨੀਂਹ ਰੱਖਦੇ ਨੇ। ਇਸ ਲਈ ਉਸਦੀ ਪਤਨੀ ਦੇ ਅਜਿਹੇ ਰਵੱਈਏ ਲਈ ਉਸਦਾ ਪਰਿਵਾਰ ਹੀ ਜ਼ਿੰਮੇਵਾਰ ਹੈ। ਅਜਿਹੀ ਪੁਸ਼ਟੀ ਉਹ ਆਪਣੀ ਭੈਣ ਕੁਲਦੀਪ ਨੂੰ ਵੀ ਇਹ ਕਹਿ ਕੇ ਕਰਦਾ ਹੈ, ''ਬਹੁਤ ਸਾਰੀਆਂ ਗੱਲਾਂ ਵਿੱਚੋਂ ਅਲਕਾ ਦਾ ਕੋਈ ਕਸੂਰ ਨਹੀਂ ਸੀ।''[10]

ਉਪਰੋਕਤ ਗੱਲਾਂ ਕਰਕੇ ਹੀ ਨਹੀਂ ਸਗੋਂ ਹੋਰ ਵੀ ਅਨੇਕਾਂ ਅਜਿਹੇ ਗਲਪੀ ਵੇਰਵੇ ਨਾਵਲੀ ਬਿਰਤਾਂਤ ਵਿੱਚੋਂ ਬਾਰ-ਬਾਰ ਉਭਰਦੇ ਹਨ ਜੋ ਅਲਕਾ ਅਤੇ ਦੇਵਿੰਦਰ ਦੇ ਆਪਸੀ ਸੁਭਾਵ ਦੀ ਅਸੀਮ ਵੱਖਰਤਾ ਨੂੰ ਦਰਸਾਉਂਦੇ ਹਨ। ਅਸਲ ਵਿੱਚ ਅਲਕਾ ਵਿਆਹ ਦੇ ਪਹਿਲੇ ਦਿਨ ਤੋਂ ਹੀ ਹੀਣ ਭਾਵਨਾ ਦੀ ਸ਼ਿਕਾਰ ਹੈ। ਆਪਣੇ ਸਹੁਰਿਆਂ ਦੀ ਰਜਵਾੜਾਸ਼ਾਹੀ ਸ਼ਾਨੋ ਸ਼ੌਕਤ, ਖਾਨਦਾਨੀ ਅਮੀਰੀ ਅਤੇ ਉਚ ਹੈਸੀਅਤ ਦੇ ਸਾਹਮਣੇ ਆਪਣੇ ਪੇਕਿਆਂ ਦੀ ਨਿਗੂਣੀ ਆਰਥਿਕ ਹਾਲਤ ਉਸ ਦੇ ਮਨ ਅੰਦਰ ਹੇਠੀ ਦਾ ਅਹਿਸਾਸ ਭਰਦੀ ਹੈ। ਉਹ ਆਪਣੇ ਅੰਤਹਕਰਣ ਵਿੱਚ ਛੁਪੀ ਹੋਈ ਇਸ ਹੀਣ ਭਾਵਨਾ ਦੀ ਕਮਜ਼ੋਰੀ ਨੂੰ ਦਬਾਉਣ ਲਈ ਦੇਵਿੰਦਰ ਦੇ ਘਰਦਿਆਂ ਤੋਂ ਇਕ ਦੂਰੀ ਬਣਾ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਉਹ ਕਿਸੇ ਸਮੇਂ ਵੀ ਉਸਨੂੰ ਉਸਦੀ ਪਰਿਵਾਰਕ ਹੈਸੀਅਤ ਦਾ ਮਿਹਣਾ ਨਾ ਮਾਰ ਸਕਣ। ਅਲਕਾ ਦਾ ਇਹ ਹੀਣਤਾ ਭਾਵ ਉਸਨੂੰ ਦੇਵਿੰਦਰ ਦੇ ਪਰਿਵਾਰ ਤੋਂ ਦੂਰ ਲਿਜਾਂਦਾ ਹੈ। ਇਕ ਅਚੇਤ ਡਰ ਵਜੋਂ ਉਹ ਆਪਣੇ ਪਤੀ ਦੇ ਕਿਸੇ ਵੀ ਸੰਬੰਧੀ ਨੂੰ ਆਪਣੇ ਨੇੜੇ ਨਹੀਂ ਆਉਣ ਦਿੰਦੀ। ਇੰਨਾ ਹੀ ਨਹੀਂ ਉਸਨੂੰ ਵਿਆਹ ਵਾਲੇ ਦਿਨ ਆਪਣੇ ਸਹੁਰੇ ਘਰ ਵਿੱਚ ਹੋਈ 'ਦੀਪ ਮਾਲਾ' ਅਤੇ ਕੋਠੀ ਉਤੇ ਕੀਤੀ ਸਜਾਵਟ ਵੀ ਚੁੱਭਦੀ ਹੈ ਕਿਉਂਕਿ ਇਹ ਸਜਾਵਟ ਬਾਹਰੀ ਤੌਰ ਉਤੇ ਦੇਵਿੰਦਰ ਦੇ ਘਰਦਿਆਂ ਦੀ ਅਮੀਰੀ ਤੇ ਸ਼ਾਨ ਨੂੰ ਪ੍ਰਗਟਾਉਂਦੀ ਹੈ ਜਿਸਨੂੰ ਦੇਖਕੇ ਅਲਕਾ ਨੂੰ ਆਪਣੀ ਤੁੱਛ ਹੈਸੀਅਤ ਯਾਦ ਆਉਂਦੀ ਹੈ, ਜਿਸਨੂੰ ਉਹ ਭੁੱਲਣਾ ਚਾਹੁੰਦੀ ਹੈ। ਜਦ ਕਿ ਅਲਕਾ ਦੇ ਸਹੁਰੇ ਪਰਿਵਾਰ ਦੇ ਮਨ ਵਿੱਚ ਅਲਕਾ ਲਈ ਅਜਿਹੀ ਭਾਵਨਾ ਨਹੀਂ ਉਪਜਦੀ। ਉਹ ਤਾਂ ਸਗੋਂ ਉਸ ਦੀਆਂ ਹੱਥੀਂ ਛਾਵਾਂ ਕਰਦੇ ਅਤੇ ਸੌ ਸੌ ਵਾਰ ਉਸਦੀ ਨਜ਼ਰ ਉਤਾਰਦੇ ਹਨ।[11] ਪਰ ਅਲਕਾ ਆਪਣੇ ਹੀਣਤਾ ਭਾਵ ਕਰਕੇ ਉਨ੍ਹਾਂ ਤੋਂ ਦੂਰ ਬੇਗਾਨਗੀ ਦੇ ਆਲਮ ਵਿੱਚ ਜੀਊਣਾ ਚਾਹੁੰਦੀ ਹੈ, ਜਿਥੇ ਉਸਨੂੰ ਕੋਈ ਨਾ ਜਾਣਦਾ ਹੋਵੇ ਅਤੇ ਨਾ ਹੀ ਉਸਦੀ ਜ਼ਿੰਦਗੀ ਵਿੱਚ ਕੋਈ ਦਖਲ ਦੇ ਸਕੇ। ਇਸੇ ਲਈ ਉਹ ਪਟਿਆਲੇ ਸ਼ਹਿਰ ਨੂੰ ਨਫ਼ਰਤ ਕਰਦੀ ਹੈ ਜਿਥੇ ਉਸਦੇ ਸਹੁਰਿਆਂ ਦੀ ਵੱਡੀ ਕੋਠੀ ਹੈ ਕਿਉਂਕਿ ਉਥੇ ਹਰ ਕੋਈ ਇਕ ਦੂਜੇ ਨੂੰ

ਜਾਣਦਾ ਹੈ। ਉਹ ਚੰਡੀਗੜ੍ਹ ਜਾਂ ਦਿੱਲੀ ਜਾਂ ਕਿਸੇ ਪਹਾੜੀ ਸ਼ਹਿਰ ਵਿੱਚ ਰਹਿਣਾ ਪਸੰਦ ਕਰਦੀ ਹੈ ਜਿਥੇ ਉਸਨੂੰ ਜਾਣਨ ਵਾਲਾ ਕੋਈ ਨਹੀਂ ਹੈ। ਉਹ ਆਪਣੇ ਪਤੀ ਨੂੰ ਵੀ ਆਪਣੀ ਇਸ ਖਾਹਿਸ਼ ਲਈ ਮਨਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਕਿ ਪਟਿਆਲੇ ਵਾਲੀ ਕੋਠੀ ਵੇਚ ਕੇ ਚੰਡੀਗੜ੍ਹ ਕੋਈ ਫਲੈਟ ਖਰੀਦਿਆ ਜਾਵੇ।[12] ਉਸਦੇ ਜ਼ਿਹਨ ਵਿੱਚ ਸ਼ਖਸੀ ਸੁਤੰਤਰਤਾ ਮਾਣਨ ਦੀ ਅਥਾਹ ਇੱਛਾ ਹੈ। ਉਸਨੂੰ ਵੱਡੇ ਸ਼ਹਿਰਾਂ ਦੀ ਚਕਾਚੌਂਧ ਅਤੇ ਅਜਨਬੀ ਮਾਹੌਲ ਆਪਣੇ ਵਲ ਖਿਚਦੇ ਹਨ। ਉਹ ਆਪਣੀ ਕੁਲੀਗ ਮਿਸਿਜ਼ ਭਾਟੀਆ ਨੂੰ ਵੀ ਆਪਣੀ ਪਟਿਆਲੇ ਦੀ ਕੋਠੀ ਵੇਚਣ ਪਿਛੇ ਆਪਣੇ ਅੰਦਰ ਦੀ ਭਾਵਨਾ ਦੱਸਦੀ ਹੈ ਜਦ ਉਹ ਉਸਨੂੰ 'ਕੋਠੀ' ਵੇਚਣ ਦਾ ਕਾਰਣ ਪੁਛਦੀ ਹੈ, ''ਪਰਾਬਲਮ ਤਾਂ ਕੋਈ ਨਹੀਂ ਪਰ ਪਟਿਆਲੇ ਜਾ ਕੇ ਜਦੋਂ ਅਸੀਂ ਰਹਿਣਾ ਹੀ ਨਹੀਂ ਤਾਂ ਇਸਨੂੰ ਰੱਖਣ ਦਾ ਵੀ ਕੀ ਫਾਇਦਾ, ਪਟਿਆਲਾ ਮੈਨੂੰ ਉਂਝ ਵੀ ਪਸੰਦ ਨਹੀਂ। ਉਜ ਵੀ ਬੈਕਵਰਡ ਜਿਹਾ ਸ਼ਹਿਰ ਹੈ। ਨਿਰਾ ਪਿੰਡ ਦਾ ਪਿੰਡ ਜਿਥੇ ਤੁਹਾਨੂੰ ਸਾਰੇ ਲੋਕ ਹੀ ਜਾਣਦੇ ਹੁੰਦੇ ਨੇ, ਉਥੇ ਤੁਸੀਂ ਚੰਡੀਗੜ੍ਹ ਜਾਂ ਦਿੱਲੀ ਵਾਂਗ ਅਨੋਨੀਮਸ ਹੋ ਕੇ ਨਹੀਂ ਜੀਉ ਸਕਦੇ।''[13]

ਅਲਕਾ ਦਾ ਇਹ ਜਵਾਬ ਉਸਦੀ ਉਸ ਮਾਡਰਨ ਸੋਚ ਦੀ ਪੁਸ਼ਟੀ ਕਰਦਾ ਹੈ ਜਿਸ ਅਨੁਸਾਰ ਉਹ ਸਭ ਰਿਸ਼ਤਿਆਂ ਤੋਂ ਦੂਰ ਹੋ ਕੇ ਬੇਗਾਨਗੀ ਦੇ ਮਾਹੌਲ ਵਿੱਚ ਜੀਉਣਾ ਚਾਹੁੰਦੀ ਹੈ ਕਿਉਂਕਿ ਉਸ ਲਈ ਯਾਦਾਂ ਭਾਵਨਾਵਾਂ ਦੀ ਅਹਿਮੀਅਤ ਦੀ ਬਜਾਏ ਪਦਾਰਥਕ ਉਪਯੋਗਤਾ, ਪੈਸਾ ਅਤੇ ਸੁਖ ਸੁਵਿਧਾਵਾਂ ਦੀ ਪ੍ਰਾਂਥਮਕਤਾ ਪਹਿਲੇ ਦਰਜੇ ਉਤੇ ਹੈ। ਪ੍ਰਮਾਣ ਵਜੋਂ ਇਹ ਸਭ ਕੁਝ ਅਲਕਾ ਦੇ ਜੀਵਨ-ਵਿਹਾਰ ਦੇ ਗਲਪ ਬਿੰਬ ਵਿੱਚੋਂ ਵੀ ਪ੍ਰਤੀਤ ਹੁੰਦਾ ਹੈ ਪਰ ਇਸ ਦੇ ਉਲਟ ਉਸ ਦਾ ਪਤੀ ਬਹੁਤ ਸੰਵੇਦਨਸ਼ੀਲ ਹੈ, ਉਸ ਦੇ ਜੀਵਨ ਵਿੱਚ ਰਿਸ਼ਤਿਆਂ ਦੇ ਮੋਹ ਦੀ ਪ੍ਰਾਥਮਕਤਾ ਪਹਿਲਾਂ ਹੈ ਇਸੇ ਲਈ ਉਹ ਆਪਣੀ ਪਤਨੀ ਦੇ ਬਾਰ ਬਾਰ ਕਹਿਣ ਤੇ ਵੀ ਕੋਠੀ ਵੇਚਣ ਦਾ ਖਿਆਲ ਨਹੀਂ ਕਰਦਾ। ਉਹ ਆਪਣੇ ਪਰਿਵਾਰ ਦੇ ਨੇੜੇ ਰਹਿ ਕੇ ਉਨ੍ਹਾਂ ਦਾ ਨਿੱਘ ਮਾਣਨਾ ਚਾਹੁੰਦਾ ਹੈ।

ਨਾਵਲ ਦੇ ਬਿਰਤਾਂਤ ਵਿੱਚ ਪਤੀ ਪਤਨੀ ਦੋਵੇਂ ਧਿਰਾਂ ਇਕ ਦੂਜੇ ਦੇ ਪੂਰਕ ਰਿਸ਼ਤੇ ਵਿੱਚ ਉਭਰਨ ਦੀ ਜਗ੍ਹਾ ਵਿਰੋਧ ਵਿੱਚ ਪੈਂਤੜਾਂ ਅਖ਼ਤਿਆਰ ਕਰਦੇ ਹਨ। ਜੀਵਨ ਦੇ ਹਰ ਮੋੜ ਉਤੇ ਉਨ੍ਹਾਂ ਦੀ ਸੋਚ ਇਕ ਦੂਜੇ ਨੂੰ ਸਮਝਣ ਲਈ ਇਕ ਦੂਜੇ ਤੋਂ ਦੂਰੀ ਪੈਦਾ ਕਰਦੀ ਹੈ। ਅਲਕਾ ਨਵੇਂ ਜ਼ਮਾਨੇ ਦੀ ਉਸ ਮਾਡਰਨ ਕੁੜੀ ਦਾ ਗਲਪੀ ਬਿੰਬ ਬਣਦੀ ਹੈ ਜੋ ਨਿਊਕਲਰ ਫੈਮਲੀ ਦੀ ਇੱਛਾ ਰੱਖਦਿਆਂ ਆਪਣੇ ਪਤੀ ਨੂੰ ਆਪਣੇ ਵੱਸ ਵਿੱਚ ਕਰ ਲੈਣਾ ਚਾਹੁੰਦੀ ਹੈ। ਆਧੁਨਿਕ ਸੰਦਰਭਾਂ ਵਿੱਚ ਅੱਜ ਦੀ ਮਾਡਰਨ ਔਰਤ ਲਈ ਪਤੀ ਦੇ ਮਾਤਾ ਪਿਤਾ ਨੂੰ ਕੋਲ ਰੱਖਣਾ ਜਾਂ ਉਨ੍ਹਾਂ ਕੋਲ ਜਾ ਕੇ ਆਪ ਰਹਿਣਾ ਮੁਮਕਿਨ ਨਹੀਂ ਕਿਉਂਕਿ ਦੋਨੋਂ ਸਥਿਤੀਆਂ ਵਿੱਚ ਵਿਅਕਤੀ ਦੀ ਸ਼ਖਸੀ ਆਜ਼ਾਦੀ ਦਾਅ ਤੇ ਲੱਗਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਪਰਿਵਾਰਕ ਕਲੇਸ਼ ਬਹੁਤ ਵੱਡੀ ਸਮੱਸਿਆ ਬਣ ਜਾਂਦਾ ਹੈ। ਮਾਡਰੈਨਟੀ ਅਪਨਾਉਣ ਤੋਂ ਇਲਾਵਾ ਵੀ ਜਿਹੜਾ ਤੱਥ ਆਧਾਰ ਰੂਪ ਵਿੱਚ ਅਲਕਾ ਦੀ ਸ਼ਖਸੀਅਤ ਨੂੰ ਅਜਿਹੇ ਰੂਪ ਵਿੱਚ ਉਘਾੜਦਾ ਹੈ ਉਹ ਹੈ ਉਸਦੀ ਸੰਸਕਾਰਾਂ ਵਿਹੂਣੀ ਪਰਵਰਿਸ਼ ਜਿਸ ਵਲ ਉਸਦੇ ਮਾਪਿਆਂ ਨੇ ਕਦੀ ਧਿਆਨ ਦਿੱਤਾ ਹੀ ਨਹੀਂ ਕਿਉਂਕਿ ਉਹ ਆਪਣੀ ਪੇਤਲੀ ਆਰਥਿਕ ਹਾਲਤ ਕਾਰਣ ਉਪਜੀਵਕਾ ਕਮਾਉਣ ਦੇ ਚੱਕਰ ਵਿੱਚ ਹੀ ਫਸੇ ਰਹੇ। ਸੋ ਨਾਵਲੀ ਪਾਠ ਦੀ ਹਰ ਪਰਤ ਸਾਨੂੰ ਅਲਕਾ ਦੇ ਅਜਿਹੇ ਚਰਿੱਤਰ ਦੇ ਰੂ-ਬ-ਰੂ ਕਰਦੀ ਹੈ ਜਿਸ ਵਿੱਚ ਉਹ ਰਿਸ਼ਤਿਆਂ ਤੋਂ ਦੂਰ ਜਾ ਕੇ ਆਪਣੇ ਪਤੀ ਨੂੰ ਕੇਵਲ ਆਪਣੇ ਪ੍ਰਭਾਵ ਅਧੀਨ ਰੱਖਣ ਦੇ ਹੱਥਕੰਡੇ ਵਰਤ ਸਕੇ। ਇੰਨਾ ਹੀ ਨਹੀਂ ਨਾਵਲ ਦੇ ਅੰਦਰਲੇ ਵੇਰਵੇ ਇਸ ਗਲ ਦੀ ਹਾਮੀ ਵੀ ਭਰਦੇ ਹਨ ਕਿ ਉਹ ਅਜਿਹਾ ਕਰਨ ਲਈ ਆਪਣੇ ਪੇਕਿਆਂ ਤੋਂ ਕਈ ਕਿਸਮ ਦੇ ਟੂਣੇ ਵੀ ਕਰਵਾਉਂਦੀ ਹੈ। 'ਸਾਈਂ ਤੋਂ ਲੈਚੀਆਂ ਕਰਵਾ ਕੇ ਅੰਗਦ ਦੇ ਪਾਪਾ ਦੇ ਗਲ ਪਾਉਣੀਆਂ ਹਨ ਦਾ ਗਲਪ ਵੇਰਵਾ ਇਸ ਗਲ ਦੀ ਸਾਰਥਕਤਾ ਨੂੰ ਪ੍ਰਗਟਾਉਂਦਾ ਹੈ।[14]

ਇਸ ਪ੍ਰਕਾਰ ਆਪਣੇ ਪ੍ਰਭਾਵ ਦਾ ਰੋਹਬ ਪਾਉਣਾ ਅਲਕਾ ਦੇ ਨਿੱਤ ਦਿਨ ਦਾ ਵਿਹਾਰ ਬਣ ਕੇ ਸਾਹਮਣੇ ਆਉਂਦਾ ਹੈ। ਉਸ ਦਾ ਰੋਹਬ ਅਤੇ ਉਸ ਦੀ ਰਿਸ਼ਤਿਆਂ ਉਤੇ ਵਿਥ ਥਾਪਣ ਵਾਲੀ ਸੋਚ ਉਸ ਦੇ ਆਪਣੇ ਘਰੇਗੀ ਨੌਕਰਾਂ ਨਾਲ ਵਰਤੋਂ ਵਿਹਾਰ ਵਿੱਚੋਂ ਵੀ ਪ੍ਰਗਟ ਹੁੰਦੀ ਹੈ ਜਿਥੇ ਉਹ ਉਨ੍ਹਾਂ ਨਾਲ ਹਮਦਰਦੀ ਜਾਂ ਦਇਆ ਦਾ ਰਿਸ਼ਤਾ ਰੱਖਣ ਦੀ ਬਜਾਏ ਉਨ੍ਹਾਂ ਨੂੰ ਕੇਵਲ ਪੈਸੇ ਨਾਲ ਹੀ 'ਡੀਲ' ਕਰਦੀ ਹੈ।

ਅਲਕਾ ਦੇ ਚਰਿੱਤਰ ਵਿੱਚ ਆਪਣੇ ਨੌਕਰਾਂ ਨੂੰ ਹੀ ਆਪਣੇ ਅਧੀਨ ਰੱਖਣ ਦੀ ਬਿਰਤੀ ਨਹੀਂ ਸਗੋਂ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਵੀ ਆਪਣੇ ਵਿਅਕਤਿਤਵ ਦੇ ਪ੍ਰਭਾਵ ਥੱਲੇ ਲਾ ਕੇ ਰਖਣ ਵਿੱਚ ਉਸਦੇ ਰੋਅਬ ਭਰੇ ਸੁਭਾ ਦੀ ਤਰਜਮਾਨੀ ਹੈ। ਨਾਵਲੀ ਪਾਠ ਦੇ ਬਿਰਤਾਂਤ ਵਿੱਚ ਉਹ ਇਕ ਬੇਲਿਹਾਜੀ ਔਰਤ ਦੇ ਰੂਪ ਵਿੱਚ ਵੀ ਉਭਰਦੀ ਹੈ ਜੋ ਆਪਣੇ ਤੋਂ ਵੱਡਿਆਂ ਨਾਲ ਬਹਿਸ ਕਰਨ ਵਿੱਚ ਉਲਝਦੀ ਹੈ। ''ਉਸਦਾ ਪਤੀ ਦੇਵਿੰਦਰ ਇਸ ਗਲ ਦਾ ਇਕਬਾਲ ਕਰਦਾ ਹੈ ਕਿ ਅਲਕਾ ਲਗਾਤਾਰ ਚੌਵੀ ਘੰਟੇ ਬੋਲ ਸਕਦੀ ਐ ਤੇ ਕਿਸੇ ਵੀ ਬੰਦੇ ਨੂੰ ਝੂਠਾ ਬਣਾ ਸਕਦੀ ਐ।''[15]

ਉਹ ਆਪਣੀ ਵੱਡੀ ਨਨਾਣ ਕੁਲਦੀਪ ਦਾ ਵੀ ਲਿਹਾਜ਼ ਨਹੀਂ ਕਰਦੀ ਜਿਸ ਦੀ ਸਿਫਾਰਿਸ਼ ਨਾਲ ਉਸ ਦਾ ਵਿਆਹ ਉਨ੍ਹਾਂ ਦੇ ਅਮੀਰ ਖਾਨਦਾਨ ਦੇ ਇਕ ਵੱਡੇ ਪੁੱਤਰ ਨਾਲ ਹੋਇਆ। ਉਸਦੇ ਮਨ ਵਿੱਚ ਤਾਂ ਕੁਲਦੀਪ ਲਈ ਈਰਖਾ ਅਤੇ ਨਫ਼ਰਤ ਹੈ। ਉਸਨੂੰ ਉਸਦਾ ਆਪਣੇ ਘਰ ਆਉਣਾ, ਬੱਚਿਆਂ ਨਾਲ ਗੱਲਾਂ ਕਰਨਾ, ਆਪਣੇ ਭਰਾ ਨੂੰ ਪਿਆਰਨਾ ਵਿਹੁ ਬਰਾਬਰ ਲੱਗਦਾ ਹੈ। ਉਸਨੂੰ ਵੇਖਦਿਆਂ ਹੀ ਉਹਦੇ ਮਨ ਵਿੱਚ ਅੱਗ ਬਲਦੀ ਹੈ ਅਤੇ ਆਪਣੇ ਬੱਚਿਆਂ ਦੇ ਸਾਹਮਣੇ ਹੀ ਉਹ ਉਸਨੂੰ ਬਦ ਅਸੀਸਾਂ ਦਿੰਦੀ ਥਕਦੀ ਨਹੀਂ। ਪ੍ਰਮਾਣ ਵਜੋਂ ਉਹ ਉਸ ਲਈ ਦੁਖਦਾਈ ਮੌਤ ਲਈ ਕਾਮਨਾ ਕਰਦੀ ਹੈ। ਕੁਲਦਪੀ ਨੂੰ ਗਾਲ੍ਹਾਂ ਕੱਢਦੇ ਹੋਏ, ''ਮੈਂ ਤਾਂ ਰੱਬ ਨੂੰ ਆਖਦੀਆਂ ਏਸਦਾ ਐਕਸੀਡੈਂਟ ਹੋ ਜਾਵੇ। ਲੱਤਾਂ ਬਾਹਵਾਂ ਟੁੱਟ ਜਾਣ। ਖੂਹ ਵਿੱਚ ਲੱਥ ਪੱਥ ਸੜਕ ਉਪਰ ਹੀ ਪਈ ਹੋਵੇ। ਮਰੇ ਨਾ ਤੜਫੇ ਜਿਸ ਤਰ੍ਹਾਂ ਇਸਨੇ ਮੈਨੂੰ ਸਾਰੀ ਉਮਰ ਤੰਗ ਕੀਤੈ'' ਅਲਕਾ ਨੇ ਕੁਝ ਦੂਰ ਜਾ ਕੇ ਆਖਿਆ।''[16]

ਇਸ ਤਰ੍ਹਾਂ ਛੋਟੀ ਨਨਾਣ ਉਪਰ ਤਾਂ ਚੋਰੀਂ ਆਪਣੀ ਲਿਪਸਟਿਕ ਚੁੱਕੇ ਜਾਣ ਦਾ ਸ਼ਰੇਆਮ ਇਲਜ਼ਾਮ ਲਗਾ ਦਿੰਦੀ ਹੈ।[17] ਉਸਦਾ ਆਪਣੇ ਬੈਡਰੂਮ ਵਿੱਚ ਆਉਣਾ ਬੰਦ ਕਰ ਦੇਂਦੀ ਹੈ। ਗੁੱਸੇ ਵਿੱਚ ਬੀਜੀ ਦਾ ਕੱਪੜਿਆਂ ਵਾਲਾ ਟਰੰਕ ਮਾਲਾ ਅਤੇ ਗੁਟਕਿਆਂ ਵਾਲਾ ਝੋਲਾ ਪੌੜੀਆਂ ਤੋਂ ਹੇਠਾਂ ਸੁੱਟ ਕੇ ਠਾਹ ਦਰਵਾਜ਼ਾ ਬੰਦ ਕਰ ਦਿੰਦੀ ਹੈ।[18] ਉਨ੍ਹਾਂ ਉਪਰ ਦਹਾੜਦੀ ਹੋਈ ਰੋਹਬ ਪਾਉਂਦੀ ਹੈ, ''ਬੇਜੀ ਤੁਸੀਂ ਹੇਠਾਂ ਨਹੀਂ ਜਾਣਾ, ਜੇ ਜਾਣਾ ਹੈ ਤਾਂ ਫੇਰ ਮੁੜ ਕੇ ਉਪਰ ਨਾ ਆਇਓ।[19] ਅਲਕਾ ਦੇ ਅਜਿਹੇ ਪ੍ਰਤਿਕਰਮ ਉਸਦੀ ਮਨਫੀ ਮਾਨਸਿਕਤਾ ਦੇ ਪ੍ਰਤੀਕ ਹਨ। ਉਹ ਅਜਿਹੀ ਔਰਤ ਦਾ ਬਿੰਬ ਬਣ ਕੇ ਨਾਵਲੀ ਪਰਤਾਂ ਵਿੱਚੋਂ ਉਘੜਦੀ ਹੈ ਜਿਸ ਨੇ ਜੀਵਨ ਵਿੱਚ ਬਗੈਰ ਯਤਨ ਦੇ ਹੀ ਸਭ ਕੁਝ ਪ੍ਰਾਪਤ ਕਰ ਲਿਆ ਹੈ। ਜੋ ਡੀਜ਼ਰਵ ਤਾਂ ਬਹੁਤ ਘੱਟ ਕਰਦੀ ਹੋਵੇ ਪਰ ਕੁਦਰਤ ਦੀ ਮਿਹਰਬਾਨੀ ਉਸ ਉਪਰ ਜ਼ਿਆਦਾ ਹੋ ਗਈ ਹੋਵੇ। ਉਹ ਆਪਣੀ ਖੂਬਸੂਰਤੀ ਦੇ ਗਰੂਰ ਨਾਲ ਚੂਰ ਚੂਰ ਭਰੀ ਹੋਈ ਆਪਣੇ ਆਪ ਨੂੰ 'ਇਜਪਸ਼ੀਅਨ ਕੁਈਨ' ਨੇ ਸਮਝਦੀ ਹੈ ਪਰ ਉਸਦਾ ਅੰਦਰਲਾ ਦਿਲ ਹੈਵਾਨੀਅਤ ਦੀ ਸਾਖੀ ਭਰਦਾ ਹੈ। ਬੇਜੀ ਦੇ ਕਹਿਣ ਅਨੁਸਾਰ ਉਹ ਬੜੇ ਹੀ 'ਛੋਟੇ ਦਿਲ ਦੀ ਮਾਲਕ' ਹੈ ਜੋ ਕਿਸੇ ਹੋਰ ਦੇ ਬਾਰੇ ਕੁਝ ਸੋਚ ਹੀ ਨਹੀਂ ਸਕਦੀ। ਪਦਾਰਥ, ਲੋਭ ਲਾਲਚ ਸਵਾਰਥ ਉਸਦੇ ਅੰਦਰ ਕੁੱਟ ਕੁਟ ਕੇ ਭਰਿਆ ਹੋਇਆ ਹੈ। ਨਾਵਲ ਵਿੱਚ ਉਸ ਦੇ ਅੰਦਰੋਂ ਬੇਗੈਰਤ ਔਰਤ ਵਾਲਾ ਬਿੰਬ ਵੀ ਉਭਰਦਾ ਹੈ ਜੋ ਆਪਣੇ ਪਤੀ ਦੀ ਤਰੱਕੀ ਪਾਉਣ ਲਈ ਹਰ ਹੀਲਾ ਵਰਤਣਾ ਚਾਹੁੰਦੀ ਹੈ। ਉਸਦੀ ਇਹ ਭਾਵਨਾ ਉਸਦੇ ਆਪਣੇ ਪਤੀ ਨਾਲ ਗਹਿਰੇ ਪਿਆਰ ਨੂੰ ਨਹੀਂ ਪ੍ਰਗਟਾਉਂਦੀ ਸਗੋਂ ਪਤੀ ਰਾਹੀਂ ਸਮਾਜ ਵਿੱਚ ਆਪਣੇ ਰੁਤਬੇ ਨੂੰ ਉਚੇਰਾ ਕਰਨ ਦੀ ਲਾਲਸਾ ਨੂੰ ਉਜਾਗਰ ਕਰਦੀ ਹੈ। ਅਜਿਹੀ ਪ੍ਰਾਪਤੀ ਲਈ ਸੀਨੀਅਰ ਅਫਸਰਾਂ ਨਾਲ ਜਾ ਕੇ ਡਾਂਸ ਕਰਨਾ ਉਨ੍ਹਾਂ ਨੂੰ ਸ਼ਰਾਬ ਸਰਵ ਕਰਨਾ ਉਨ੍ਹਾਂ ਨਾਲ ਡਿਨਰ ਪਾਰਟੀਆਂ ਤੇ ਜਾਣਾ, ਵੱਡੇ ਅਫਸਰਾਂ ਨੂੰ ਗਿਫਟ ਦੇ ਕੇ ਪਟਾਉਣਾ, ਆਪਣੀ ਖੂਬਸੂਰਤੀ ਨੂੰ ਸਵਾਰਥ ਦੇ ਮਾਧਿਅਮ ਵਜੋਂ ਵਰਤਣਾ ਉਸ ਲਈ ਮਾਡਰਨ ਸੋਸਾਇਟੀ ਦੇ ਉੱਚੇ ਕਾਇਦੇ ਹਨ ਜਦ ਕਿ ਇਸਦੇ ਉਲਟ ਉਸਦੇ ਪਤੀ ਨੂੰ ਉਸਦਾ ਅਜਿਹਾ ਵਿਵਹਾਰ ਬਿਲਕੁਲ ਪਸੰਦ ਨਹੀਂ ਉਹ ਆਪਣੀ ਤਰੱਕੀ ਆਪਣੀ ਮਿਹਨਤ ਅਤੇ ਬਹਾਦਰੀ ਦੇ ਸਿਰ ਤੇ ਕਮਾਉਣਾ ਚਾਹੁੰਦਾ ਹੈ। ਫੌਜ਼ ਵਿੱਚ ਵੀ ਗੰਦੀ ਰਾਜਨੀਤੀ ਹੋਣ ਕਰਕੇ ਉਸਨੂੰ ਉਸਦੀ ਬਣਦੀ ਤਰੱਕੀ ਤੋਂ ਮਹਿਰੂਮ ਕਰ ਦਿੱਤਾ ਗਿਆ ਸੀ। ਉਸਦੀ ਅਸਫਲਤਾ ਦੀਆਂ ਅਜਿਹੀਆਂ ਗੱਲਾਂ ਦੇ ਮਿਹਣੇ ਦੇ ਕੇ ਉਹ ਆਪਣੇ ਪਤੀ ਨੂੰ ਨੀਂਵਾਂ ਦਿਖਾਉਣ ਵਿੱਚ ਵੀ ਪਿਛੇ ਨਹੀਂ ਰਹਿੰਦੀ। ਇਥੋਂ ਤੱਕ ਕਿ ਆਪਣੇ ਪਤੀ ਦੀ ਮੌਤ ਤੋਂ ਬਾਅਦ ਵੀ ਉਹ ਆਪਣੇ ਬੱਚਿਆਂ ਦੇ ਮਨ ਵਿੱਚ ਭੀ ਆਪਣੇ ਪਤੀ ਦਾ ਮਾੜਾ ਪ੍ਰਭਾਵ ਸਿਰਜਦੀ ਹੈ:

''ਕੀ ਸੀ ਤੇਰਾ ਡੈਡੀ ਨਿਰਾ ਬੈਕਵਰਡ ਆਦਮੀ। ਮੈਨੂੰ ਜੋ ਆਰਮੀ ਦੀਆਂ ਪਾਰਟੀਆਂ ਉਪਰ ਜਾਣ ਦਿੰਦਾ ਕੀ ਮਜਾਲ ਸੀ ਕਿ ਉਹ ਹੁਣ ਤੱਕ ਬਰਗੇਡੀਅਰ ਨਾ ਬਣਿਆ ਹੁੰਦਾ। ਇਸਦਾ ਮਤਲਬ ਕਦੇ ਵੀ ਕਰੈਕਟਰਲੈਸ ਹੋਣਾ ਨਹੀਂ ਹੁੰਦਾ। ਸਗੋਂ ਸਮਝਦਾਰ ਤੇ ਕਾਮਯਾਬ ਹੋਣਾ ਹੁੰਦੈ। ਪਰ ਤੇਰਾ ਡੈਡੀ ਸੀ ਕਿ ਕੋਈ ਜੋ ਮੇਰੀ ਕਿਸੇ ਗੱਲ ਨੂੰ ਐਪਰੀਸ਼ੀਏਟ ਵੀ ਕਰਦਾ, ਉਸਤੋਂ ਓਹ ਵੀ ਬਰਦਾਸ਼ਤ ਨਹੀਂ ਸੀ ਹੁੰਦਾ। ਬਸ ਆਪਣੀ ਈਮਾਨਦਾਰੀ ਨੂੰ ਹੀ ਵੱਡੀ ਗੱਲ ਸਮਝਦਾ ਸੀ ਤੇ ਈਮਾਨਦਾਰੀ ਤਾਂ ਅੱਜ ਕੱਲ ਦੇ ਸਮੇਂ ਵਿੱਚ

ਇਕ ਬੇਵਕੂਫ਼ੀ ਬਣ ਗਈ ਐ। ਬਿਨਾਂ ਲੈਣ ਦੇਣ ਤੋਂ ਭਲਾ ਅੱਜ ਕੱਲ ਕਿਹੜਾ ਕੰਮ ਹੁੰਦੈ। ਉਹ ਤਾਂ ਪੁਰਾਣੇ ਵੇਲਿਆਂ ਦਾ, ਕਿਸੇ ਛੋਟੇ ਜਿਹੇ ਸ਼ਹਿਰ ਦਾ ਸਾਧਾਰਨ ਆਮ ਜਿਹਾ ਬੰਦਾ ਲਗਦਾ ਰਹਿੰਦਾ ਜਿਸਦੀ ਕੋਈ ਪੁੱਠ ਸਿੱਧ ਨਹੀਂ ਸੀ।''[20]

ਉਸ ਅਨੁਸਾਰ ''ਇਹੀ ਤਾਂ ਸਟੂਪਡਿਟੀ ਐ ਲੋਕਾਂ ਦੀ ਕਿ ਜਿਹੜਾ ਮਰ ਗਿਆ ਉਸਦੇ ਔਗੁਣ ਸਾਰੇ ਭੁੱਲ ਕੇ ਉਸਨੂੰ ਨਿਰਾ ਚੰਗਿਆਈਆਂ ਦਾ ਪੁਤਲਾ ਬਣਾ ਦਿੱਤਾ ਜਾਂਦੈ।''[21] ਅਲਕਾ ਲਈ ਆਪਣੇ ਮਰ ਚੁੱਕੇ ਪਤੀ ਦੀਆਂ ਚੰਗਿਆਈਆਂ ਯਾਦ ਕਰਨਾ ਸਟੂਪਡਿਟੀ ਹੈ। ਉਸਦੇ ਮਨ ਵਿੱਚ ਆਪਣੇ ਪਤੀ ਲਈ ਵੀ ਕੋਈ ਪਿਆਰਾ ਅਹਿਸਾਸ ਨਹੀਂ ਜਿਸਦੇ ਬਾਰੇ ਉਹ ਆਪ ਆਪਣੀ ਸਹੇਲੀ ਮਿਸਿਜ਼ ਭਾਟੀਆ ਨੂੰ ਦੱਸਦੀ ਹੈ ਕਿ ਉਸਦਾ ਪਤੀ ਉਸਨੂੰ ਹੱਦੋਂ ਵੱਧ ਚਾਹੁੰਦਾ ਸੀ ਪਰ ਦੁਖਾਂਤਕ ਗੱਲ ਇਹ ਹੈ ਕਿ ਆਪਣੇ ਪਤੀ ਦਾ ਇਹ ਸੁਖਦ ਵਤੀਰਾ ਵੀ ਅਲਕਾ ਨੂੰ 'ਸਫੋਕੇਟ' ਕਰਦਾ ਹੈ ਉਹ ਆਪਣੀ ਮਨੋਭਾਵਨਾ ਆਪਣੀ ਸਹੇਲੀ ਸਾਹਮਣੇ ਇੰਜ ਉਗਲਦੀ ਹੈ:—

''ਮੇਰੀ ਤਾਂ ਮੇਰਾ ਹਸਬੈਂਡ ਸਫੋਕੇਟ ਕਰਨ ਜਿੰਨੀ ਕੇਅਰ ਕਰਦਾ ਸੀ। ਚਾਹੁੰਦਾ ਸੀ ਹਰ ਵੇਲੇ ਅੱਖਾਂ ਦੇ ਅੱਗੇ ਹੀ ਰਹਾਂ। ਕਿਸੇ ਫਰੈਂਡ ਨੂੰ ਮਿਲਣਾ, ਉਸਦੇ ਬਿਨਾਂ ਕਿਸੇ ਦੇ ਘਰ ਜਾਣਾ, ਇਥੋਂ ਤੱਕ ਕੇ ਪੇਰੈਂਟਸ ਨੂੰ ਮਿਲਣ ਜਾਣਾ ਵੀ ਉਸਨੂੰ ਪਸੰਦ ਨਹੀਂ ਸੀ ਹੁੰਦਾ। ਜੇ ਕਿਸੇ ਡਿਨਰ ਪਾਰਟੀ ਉਪਰ ਜ਼ਰੂਰੀ ਜਾਣਾ ਪੈਂਦਾ, ਉਥੇ ਵੀ ਉਸਦੀ ਨਜ਼ਰ ਮੇਰੇ ਵਲ ਹੀ ਰਹਿੰਦੀ।''[22]

ਆਪਣੇ ਪਤੀ ਦੀ ਅਜਿਹੀ ਭਾਵਨਾ ਨੂੰ ਉਸਦੀ ਸਮਝ ਕੇ ਵਡਿਆਉਣ ਦੀ ਥਾਂ ਉਸਦਾ ਪ੍ਰਤੀਕਰਮ ਸਗੋਂ ਇੰਜ ਪ੍ਰਗਟ ਹੁੰਦਾ ਹੈ, ''ਸੁਨੀਤਾ ਕਈ ਆਦਮੀਆਂ ਨੂੰ ਨਾ ਆਪਣੇ ਉਪਰ ਭਰੋਸਾ ਹੁੰਦੈ, ਨਾ ਵਹੁਟੀ ਉਪਰ ਤੇ ਨਾ ਹੀ ਵਹੁਟੀ ਨਾਲ ਆਪਣੇ ਰਿਸ਼ਤੇ ਉਪਰ।''[23] ਅਲਕਾ ਦੇ ਅਜਿਹੇ ਪ੍ਰਤੀਕਰਮਾਂ ਵਿੱਚੋਂ ਉਹਦੀ ਮਨਫੀ ਮਾਨਸਿਕਤਾ ਦਾ ਰੂਪ ਉਘੜਦਾ ਹੈ ਕਿ ਉਹ ਆਪਣੇ ਸਹੁਰਿਆਂ ਪ੍ਰਤੀ ਨਫ਼ਰਤ ਤਾਂ ਉਗਲਦੀ ਹੀ ਹੈ, ਪਰ ਆਪਣੇ ਉਦਾਰ ਪਤੀ ਦੀ ਵੀ ਉਹ ਸ਼ੁਭਚਿੰਤਕ ਨਹੀਂ। ਦੇਵਿੰਦਰ, ਉਸ ਦਾ ਪਤੀ ਜੋ ਉਸਦਾ ਹਰ ਗਲੋਂ ਵਧੇਰੇ ਧਿਆਨ ਰੱਖਦਾ ਹੈ, ਸੋ ਉਸਦੀ ਸੁੰਦਰਤਾ ਨੂੰ ਇਕ ਵਰਦਾਨ ਸਮਝ ਕੇ ਵਡਿਆਉਂਦਾ ਹੈ, ਉਹ ਵੀ ਉਹਦੀਆਂ ਨਜ਼ਰਾਂ ਵਿੱਚ 'ਬੇਕਵਰਡ' ਅਤੇ 'ਬੇਵਕੂਫ' ਹੈ ਜਦ ਕਿ ਉਸਦੀ ਭੈਣ ਕੁਲਦੀਪ ਆਪਣੇ ਇਸੇ ਵੀਰ ਦੇ ਗੁਣਾਂ ਦਾ ਗੁਣਗਾਨ ਕਰਦੀ ਹੋਈ ਆਪਣੀ ਭਾਬੀ ਅਲਕਾ ਨੂੰ ਆਪਣੇ ਪਤੀ ਦੀ ਸੰਭਾਲ ਪ੍ਰਤੀ ਸੁਚੇਤ ਕਰਦੀ ਹੈ ਅਤੇ ਬੜੇ ਵਿਵੇਕ ਨਾਲ ਇਹ ਕਹਿਕੇ ਉਸਦੀ ਕਠੋਰ ਮਾਨਸਿਕਤਾ ਨੂੰ ਸ਼ਾਂਤ ਕਰਦੀ ਹੈ:—

''ਅਲਕਾ ਤੈਨੂੰ ਪਤੈ ਦੇਵਿੰਦਰ ਦੀ ਕਦੇ ਕਿਸੇ ਹੋਰ ਔਰਤ ਵਿੱਚ ਦਿਲਚਸਪੀ ਨਹੀਂ ਹੋਈ। ਬੇਈਮਾਨੀ ਇਹ ਨਹੀਂ ਕਰਦਾ। ਝੂਠ ਇਹ ਨਹੀਂ ਬੋਲਦਾ, ਚੁਗਲੀ ਨਿੰਦਾ ਇਹ ਨਹੀਂ ਕਿਸੇ ਦੀ ਕਰਦਾ। ਤੇਰੀ ਤੇ ਬੱਚਿਆਂ ਦੀ ਹਰ ਲੋੜ ਦਾ ਏਨਾ ਧਿਆਨ ਰੱਖਦੈ। ਤੁਹਾਡੇ ਕੋਲੋਂ ਛੁਪਾਕੇ ਜਾਂ ਬਚਾਕੇ ਕੁਝ ਨਹੀਂ ਰਖਦਾ। ਫੇਰ ਵੀ ਤੂੰ ਖੁਸ਼ ਨਹੀਂ।''[24]

ਅਲਕਾ ਨੇ ਕਿਸੇ ਵੀ ਤਰੀਕੇ ਨਾ ਸਮਝਣ ਉਤੇ ਉਹੀ ਬੇਬੱਸ ਹੋਈ ਵਿਅੰਗ ਦਾ ਹਥਿਆਰ ਉਠਾਉਂਦੀ ਹੋਈ ਉਸਨੂੰ ਸਵਾਲ ਕਰਦੀ ਹੈ। ਉਸਦੀ ਤਲਖੀ ਇਨ੍ਹਾਂ ਸ਼ਬਦਾਂ ਵਿੱਚ ਦੇਖੀ ਜਾ ਸਕਦੀ ਹੈ:—

''ਦੇਵਿੰਦਰ ਦੇ ਸਿਰਫ਼ ਫਰਜ ਹੀ ਨੇ ਜਾਂ ਉਸ ਦਾ ਕੋਈ ਹੱਕ ਵੀ ਐ ? ਤੁਸੀਂ ਤਾਂ ਸਮਝਦਿਓ ਉਹ ਤੁਹਾਨੂੰ ਸਰਵ ਕਰਨ ਲਈ ਹੀ ਜੰਮਿਐ। ਮੈਂ ਨਹੀਂ ਦੇਖਿਆ ਤੂੰ ਕਦੇ ਮੋਹ ਪਿਆਰ ਨਾਲ ਉਸਦੀ ਕੋਈ ਗੱਲ ਸੁਣੀ ਹੋਵੇ। ਤੂੰ ਚਾਹੁੰਦੀ ਤਾਂ ਕਦੋਂ ਦੀ ਉਸਨੂੰ ਸ਼ਰਾਬ ਪੀਣ ਤੋਂ ਹਟਾ ਲੈਂਦੀ।''[25]

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਕਥਾ ਕਹੋ ਉਰਵਸ਼ੀ ਨਾਵਲ ਵਿੱਚ ਅਲਕਾ ਅਤੇ ਕੁਲਦੀਪ ਦੋਹਾਂ ਦਾ ਚਰਿੱਤਰ ਇਕ ਦੂਜੇ ਦੇ ਬਿਲਕੁਲ ਵਿਰੋਧੀ ਦਿਸ਼ਾਵਾਂ ਦੇ ਰੂਪ ਵਿੱਚ ਪੇਸ਼ ਹੋਇਆ ਹੈ। ਦੋਹਾਂ ਦੇ ਗਲਪੀ ਕਿਰਦਾਰ ਨੇ ਨਾਵਲ ਵਿੱਚ ਇਕ ਦੂਜੇ ਨੂੰ ਉਭਾਰਨ ਵਿੱਚ ਬੜੀ ਗਹਿਰੀ ਭੂਮਿਕਾ ਨਿਭਾਈ ਹੈ। ਦੋਹਾਂ ਦੇ ਜੀਵਨ ਜੀਊਣ ਦੇ ਬਿੰਬ ਦੋ ਵੱਡੇ ਦ੍ਰਿਸ਼ਟੀਕੋਣਾਂ ਦੀ ਤਰਜਮਾਨੀ ਕਰਦੇ ਹਨ ਪਰ ਜੀਵਨ ਨੂੰ ਭਟਕਣ ਵਿੱਚੋਂ ਕੱਢ ਕੇ ਨਵੀਂ ਦਿਸ਼ਾ ਵੱਲ ਤੋਰਨ ਲਈ ਅਜਿਹੀ ਔਰਤ ਦੀ ਲੋੜ ਹਮੇਸ਼ਾਂ ਬਣੀ ਰਹੇਗੀ ਜੋ ਕੁਲਦੀਪ ਦੇ ਰੂਪ ਵਿੱਚ ਰੂਹਾਂ ਨੂੰ ਠਾਰਣ ਦਾ ਕੰਮ ਵੀ ਕਰਦੀ ਹੈ।

## ਟਿੱਪਣੀਆਂ ਤੇ ਹਵਾਲੇ


1. ਡਾ. ਜਸਪਾਲ ਕੌਰ ਕਾਂਗ, ਨਵੇਂ ਪ੍ਰਵਚਨ ਦਾ ਸਿਰਜਨ :ਕਥਾ ਕਹੋ ਉਰਵਸ਼ੀ, ਪੰਜਾਬੀ ਟ੍ਰਿਬਿਊਨ, ਐਤਵਾਰ 2 ਫਰਵਰੀ, 2002.
2. ਦਲੀਪ ਕੌਰ ਟਿਵਾਣਾ, ਕਥਾ ਕਹੋ ਉਰਵਸ਼ੀ, ਟਾਈਟਲ ਪੰਨਾ
3. ਉਹੀ–, ਪੰਨੇ–99, 204.
4. ਸੁਰਿੰਦਰ ਕੁਮਾਰ ਦਵੇਸ਼ਵਰ, ਸਮਾਜ ਸੱਤਾ ਤੇ ਸਮਕਾਲੀ ਨਾਵਲ, ਪੰਨਾ–73.
5. ਕਥਾ ਕਹੋ ਉਰਵਸ਼ੀ, ਪੰਨਾ–72.
6. ਉਹੀ–, ਪੰਨਾ–75.
7. ਉਹੀ–, ਪੰਨਾ–72.
8. ਉਹੀ–, ਪੰਨਾ–72.
9. ਉਹੀ–, ਪੰਨਾ–73.
10. ਉਹੀ–, ਪੰਨਾ–129.
11. ਉਹੀ–, ਪੰਨਾ–80.
12. ਉਹੀ–, ਪੰਨਾ–128.
13. ਉਹੀ–, ਪੰਨਾ–106.
14. ਉਹੀ–, ਪੰਨਾ–101.
15. ਉਹੀ–, ਪੰਨਾ–8.
16. ਉਹੀ–, ਪੰਨਾ–147.
17. ਉਹੀ–, ਪੰਨਾ–79.
18. ਦਲੀਪ ਕੌਰ ਟਿਵਾਣਾ, ਕਥਾ ਕਹੋ ਉਰਵਸ਼ੀ, ਪੰਨਾ–122.
19. ਉਹੀ–, ਪੰਨਾ–259.
20. ਉਹੀ–,ਪੰਨਾ–258.
21. ਦਲੀਪ ਕੌਰ ਟਿਵਾਣਾ, ਕਥਾ ਕਹੋ ਉਰਵਸ਼ੀ, ਪੰਨਾ–258
22. ਦਲੀਪ ਕੌਰ ਟਿਵਾਣਾ, ਕਥਾ ਕਹੋ ਉਰਵਸ਼ੀ, ਪੰਨੇ–250–51.
23. ਉਹੀ–, ਪੰਨਾ–251.
24. ਉਹੀ–, ਪੰਨਾ–130.
25. ਉਹੀ–, ਪੰਨਾ–159.